**ਮਹੱਤਵਪੂਰਨ ਜਾਣਕਾਰੀ**
**ਪ੍ਰਾਪਰਟੀ ਟੈਕਸ ਦੇਣ ਦੀ ਆਖਰੀ ਮਿਤੀ 3 ਜੁਲਾਈ 2024**



# ਪ੍ਰਾਪਰਟੀ ਟੈਕਸ 2024

ਈਮੇਲ ਦੁਆਰਾ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ:

**vancouver.ca/property-services**

CITY OF VANCOUVER

## ਰੇਵੇਨਿਊ ਸੇਵਾਵਾਂ

ਰੇਵੇਨਿਊ ਸੇਵਾਵਾਂ ਹੁਣ ਅਸਥਾਈ ਤੌਰ ‘ਤੇ 515 W. 10th Ave. (ਸਿਟੀ ਹਾਲ ਦੇ ਉੱਤਰ ਵੱਲ ਇੱਕ ਬਲਾਕ) ‘ਤੇ ਸਥਿਤ ਹਨ।

ਹੇਠਾਂ ਦਿੱਤੀਆਂ ਸੇਵਾਵਾਂ ਲਈ ਭੁਗਤਾਨ ਅਤੇ ਪੁੱਛ-ਗਿਛ ਹੁਣ 515 W. 10th Ave ‘ਤੇ ਸਥਿਤ ਹੈ।

- **ਪ੍ਰਾਪਰਟੀ ਟੈਕਸ**
  ਵਿਅਕਤੀਗਤ ਭੁਗਤਾਨ ਅਤੇ ਪੁੱਛ-ਗਿਛ।
- **ਖਾਲੀ ਘਰਾਂ ‘ਤੇ ਟੈਕਸ (EMPTY HOMES TAX)**
  ਅਪਾਇੰਟਮੈਂਟਾਂ ਲਈ 515 W. 10th Ave ‘ਤੇ ਜਾਓ ਜਦੋਂ ਤੱਕ ਕਿਸੇ ਸਟਾਫ਼ ਮੈਂਬਰ ਨੇ ਤੁਹਾਨੂੰ ਸਿਟੀ ਹਾਲ ਵਿਖੇ ਮਿਲਣ ਲਈ ਨਹੀਂ ਕਿਹਾ ਹੈ।
- **ਉਪਯੋਗਤਾ ਦਾ ਬਿੱਲ**
- **ਬਾਇਲਾਅ ਜੁਰਮਾਨੇ**
- **ਪਰਮਿਟ ਅਤੇ ਲਾਇਸੰਸ**




ਦਿਸ਼ਾ ਨਿਰਦੇਸ਼ ਪ੍ਰਾਪਤ ਕਰੋ: **vancouver.ca/city-hall-locations**

### ਆਪਣੇ ਟੈਕਸ ਨੋਟਿਸ ਦੇ ਸੰਬੰਧ ਵਿੱਚ ਮਦਦ ਲਵੋ

ਆਪਣੇ ਟੈਕਸ ਨੋਟਿਸ ਨੂੰ ਕਿਵੇਂ ਪੜ੍ਹਨਾ ਹੈ ਇਸ ਬਾਰੇ ਸਾਡੀ ਗਾਈਡ ਇਸ ਵੈੱਬਸਾਈਟ ‘ਤੇ ਦੇਖੋ: **vancouver.ca/tax-notice**

### ਇੱਕ ਔਨਲਾਈਨ ਖਾਤਾ ਸੈਟ-ਅੱਪ ਕਰੋ

ਈਮੇਲ ਦੁਆਰਾ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਸਾਈਨ-ਅੱਪ ਕਰੋ: **vancouver.ca/property-services**

### ਆਪਣਾ ਡਾਕ ਪਤਾ ਅੱਪਡੇਟ ਕਰੋ

ਕੀ ਤੁਹਾਡਾ ਡਾਕ ਪਤਾ ਬਦਲ ਗਿਆ ਹੈ?
ਕੀ ਤੁਸੀਂ ਇੱਕ ਤੋਂ ਵੱਧ ਸੰਪਤੀ ਦੇ ਮਾਲਕ ਹੋ?

ਆਪਣਾ ਪਤਾ BC ਅਸੈਸਮੈਂਟ ਦੇ ਕੋਲ ਇਸ ਵੈੱਬਸਾਈਟ ‘ਤੇ ਅੱਪਡੇਟ ਕਰੋ: **bcassessment.ca/update**

## ਪ੍ਰਾਪਰਟੀ ਟੈਕਸ ਬਾਰੇ ਰਿਮਾਇੰਡਰ

### ਆਪਣੇ ਪ੍ਰਾਪਰਟੀ ਟੈਕਸ ਦਾ ਭੁਗਤਾਨ ਕਰਨਾ

**ਔਨਲਾਈਨ:** ਭੁਗਤਾਨ ਕਰਨ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਤੁਹਾਡੀ ਵਿੱਤੀ ਸੰਸਥਾ ਦੁਆਰਾ ਔਨਲਾਈਨ ਹੈ।

**ਵਿਅਕਤੀਗਤ ਤੌਰ ‘ਤੇ:** ਵਿਅਕਤੀਗਤ ਤੌਰ ‘ਤੇ ਭੁਗਤਾਨ 515 W. 10th Ave. ਵਿਖੇ, ਸੋਮਵਾਰ-ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤੇ ਜਾ ਸਕਦਾ ਹਨ।

**ਡਾਕ ਦੁਆਰਾ:** ਆਪਣਾ ਚੈੱਕ ਦਿਨ ਦੇ 24 ਘੰਟੇ City Hall, 453 West 12th Avenue (ਦੱਖਣੀ) ਪ੍ਰਵੇਸ਼ ਦੁਆਰ ‘ਤੇ ਮੇਲ ਸਲਾਟ ਵਿੱਚ ਪਾਓ। 3 ਜੁਲਾਈ, 2024 ਨੂੰ ਅੱਧੀ ਰਾਤ ਤੋਂ ਬਾਅਦ ਪ੍ਰਾਪਤ ਹੋਏ ਭੁਗਤਾਨਾਂ ਨੂੰ ਦੇਰ ਨਾਲ ਕੀਤਾ ਗਿਆ ਮੰਨਿਆ ਜਾਵੇਗਾ।

### ਤੁਹਾਡੀ ਘਰ ਦੇ ਮਾਲਕ ਦੀ ਗ੍ਰਾਂਟ (HOME OWNER GRANT) ਦਾ ਦਾਅਵਾ ਕਰਨਾ

ਆਪਣੀ ਗ੍ਰਾਂਟ ਦੀ ਅਰਜ਼ੀ ਇਸ ਵੈੱਬਸਾਈਟ ‘ਤੇ ਸਿੱਧਾ ਸੂਬੇ ਕੋਲ ਜਮਹ੍ਹਾਂ ਕਰੋ: **gov.bc.ca/homeownergrant**

ਮਦਦ ਵਾਸਤੇ ਸੂਬੇ ਨੂੰ **1-888-355-2700** ‘ਤੇ ਕਾਲ ਕਰੋ

ਮਹੱਤਵਪੂਰਨ: ਤੁਹਾਡੇ ਦੁਆਰਾ ਇੱਕ ਸਫਲ ਗ੍ਰਾਂਟ ਸਪੁਰਦਗੀ ਦੀ ਪੁਸ਼ਟੀ ਪ੍ਰਾਪਤ ਕਰਨ ਤੋਂ ਬਾਅਦ, ਤੁਹਾਡੇ ਪ੍ਰਾਪਰਟੀ ਟੈਕਸ ਖਾਤੇ ਨੂੰ ਅੱਪਡੇਟ ਕਰਨ ਵਿੱਚ 3-4 ਦਿਨ ਲੱਗ ਸਕਦੇ ਹਨ। ਦੇਰੀ ਦੇ ਜੁਰਮਾਨੇ ਤੋਂ ਬਚਣ ਲਈ, ਪ੍ਰਾਪਰਟੀ ਟੈਕਸ ਦੀ ਨਿਯਤ ਮਿਤੀ ਤੋਂ ਪਹਿਲਾਂ ਬਕਾਇਆ (ਤੁਹਾਡੀ ਯੋਗ ਗ੍ਰਾਂਟ ਰਕਮ ਨੂੰ ਘਟਾ ਕੇ) ਦਾ ਭੁਗਤਾਨ ਕਰੋ।

### ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ

ਸੂਬੇ ਦਾ ਪ੍ਰਾਪਰਟੀ ਟੈਕਸ ਮੁਲਤਵੀ ਪਰੋਗਰਾਮ (Property Tax Deferment Program) ਇੱਕ ਘੱਟ ਵਿਆਜ ਵਾਲਾ ਸੁਬਾਈ ਲੋਨ ਪਰੋਗਰਾਮ ਹੈ ਜੋ B.C. ਦੇ ਯੋਗ ਪ੍ਰਾਪਤ ਘਰਾਂ ਦੇ ਮਾਲਕਾਂ ਨੂੰ ਉਹਨਾਂ ਦਾ ਸਲਾਨਾ ਪ੍ਰਾਪਰਟੀ ਟੈਕਸ ਅਦਾ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਇਸ ਵੈੱਬਸਾਈਟ ‘ਤੇ ਹੋਰ ਜਾਣੋ: **gov.bc.ca/propertytaxdeferment**

ਆਮ ਪੁੱਛ-ਗਿਛ ਲਈ, ਕਿਰਪਾ ਕਰਕੇ ਈਮੇਲ ਕਰੋ: **taxdeferment@gov.bc.ca**

For translations or more information, please visit: **vancouver.ca/property-tax**

有關翻譯文本或更多信息，請訪問: **vancouver.ca/property-tax**

如果需要参阅翻译文本或者是获得更多资讯，请浏览: **vancouver.ca/property-tax**

Para sa mga salin sa Tagalog o para sa karagdagang impormasyon, bisitahin ang: **vancouver.ca/property-tax**

ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ: **vancouver.ca/property-tax**

Để có bản dịch hoặc biết thêm thông tin, xin vui lòng truy cập: **vancouver.ca/property-tax**

Para obtener traducciones o más información, visite: **vancouver.ca/property-tax**

© 2024 City of Vancouver | 24-110 | Punjabi


# ਤੁਹਾਡੇ ਟੈਕਸਾਂ ਅਤੇ ਉਪਯੋਗਤਾ ਫ਼ੀਸਾਂ ਦਾ ਸਿਰਫ 54% ਵੈਨਕੂਵਰ ਸਿਟੀ ਕੋਲ ਜਾਂਦਾ ਹੈ

**ਸਾਰੀਆਂ ਪਰ੍ਾਪਰਟੀਆਂ ਵਿੱਚ, ਪਰ੍ਾਪਰਟੀ ਟੈਕਸ ਅਤੇ ਉਪਯੋਗਤਾ ਫ਼ੀਸਾਂ ਦਾ ਲਗਭਗ 46 ਪਰ੍ਤਿਸ਼ਤ ਖੇਤਰੀ ਸੇਵਾਵਾਂ, ਸਕੂਲਾਂ, ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ ਦੀ ਸਫਾਈ ਨੂੰ ਫੰਡ ਦਿੰਦਾ ਹੈ।**

ਪਰ੍ਾਪਰਟੀ ਟੈਕਸਾਂ ਅਤੇ ਉਪਯੋਗਤਾ ਫ਼ੀਸਾਂ ਦਾ ਬਾਕੀ 54 ਪਰ੍ਤਿਸ਼ਤ ਸਿਟੀ ਸੇਵਾਵਾਂ ਨੂੰ ਫੰਡ ਦਿੰਦਾ ਹੈ।

ਇੱਕ ਉਦਾਹਰਨ ਦੇ ਤੌਰ 'ਤੇ, ਇੱਕ ਔਸਤ-ਮੁੱਲ ਵਾਲੇ ਸਿੰਗਲ-ਫੈਮਿਲੀ ਹੋਮ ਦੇ ਮਾਲਕ ਤੋਂ ਚਾਰਜ ਕੀਤੀ ਜਾਂਦੀ ਕੁੱਲ ਰਕਮ ਵਿੱਚ ਵੈਨਕੂਵਰ ਸਿਟੀ ਲਈ ਟੈਕਸ/ਫ਼ੀਸਾਂ ਵਿੱਚ $4,860 ਅਤੇ ਸਿਟੀ ਦੁਆਰਾ ਹੋਰ ਅਥਾਰਟੀਆਂ ਦੀ ਤਰਫ਼ੋਂ ਇਕੱਠੇ ਕੀਤੇ ਟੈਕਸਾਂ/ਫ਼ੀਸਾਂ ਵਿੱਚ $3,502 ਸ਼ਾਮਲ ਹਨ।

ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ: **vancouver.ca/property-tax**




## ਟੈਕਸ ਰਾਹਤ ਪਰ੍ੋਗਰਾਮ

ਸਿਟੀ ਦੋ ਪਰ੍ਾਪਰਟੀ ਟੈਕਸ ਰਾਹਤ ਪਰ੍ੋਗਰਾਮ ਪੇਸ਼ ਕਰਦੀ ਹੈ:

### ਟੀਚਾਬੱਧ ਜ਼ਮੀਨ ਦੇ ਮੁਲਾਂਕਣ ਦਾ ਔਸਤ ਕੱਢਣਾ

ਜੋ ਯੋਗ ਰਿਹਾਇਸ਼ੀ (ਕਲਾਸ 1), ਹਲਕੇ ਉਦਯੋਗ (ਕਲਾਸ 5) ਅਤੇ ਹੋਰ (ਕਲਾਸ 6) ਪਰ੍ਾਪਰਟੀਆਂ ਲਈ ਮੁਲਾਂਕਣ ਅਸਥਿਰਤਾ ਨੂੰ ਸੰਬੋਧਿਤ ਕਰਦਾ ਹੈ।.

ਇਸ ਵੈੱਬਸਾਈਟ 'ਤੇ ਹੋਰ ਜਾਣੋ: **vancouver.ca/averaging**

### ਵਿਕਾਸ ਸਮਰੱਥਾ ਰਾਹਤ ਪਰ੍ੋਗਰਾਮ ਪਾਇਲਟ

ਜੋ ਯੋਗ ਹਲਕੇ ਉਦਯੋਗ (ਕਲਾਸ 5) ਅਤੇ ਵਪਾਰ ਅਤੇ ਹੋਰ (ਕਲਾਸ 6) ਸੰਪਤੀਆਂ ਲਈ ਅਸਾਧਾਰਨ ਵਿਕਾਸ ਸੰਭਾਵਨਾਵਾਂ ਨੂੰ ਸੰਬੋਧਿਤ ਕਰਦਾ ਹੈ।

ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ: **vancouver.ca/tax-relief**

## ਪੂੰਜੀ ਨਿਵੇਸ਼

ਪੂੰਜੀ ਨਿਵੇਸ਼ ਆਬਾਦੀ ਦੇ ਵਾਧੇ 'ਤੇ ਪਰ੍ਤਿਕਿਰਿਆ ਕਰਦੇ ਹਨ ਅਤੇ ਮਾਰਪੋਲ ਕਮਿਊਨਿਟੀ ਸੈਂਟਰ ਦੇ ਨਵੀਨੀਕਰਨ ਅਤੇ ਵਿਸਤਾਰ, ਅਤੇ ਗਰ੍ੈਨਵਿਲ ਅਤੇ ਕੈਮਬੀ ਬਿਰ੍ਜਾਂ ਦੇ ਅੱਪਗਰੇ੍ਡ ਲਈ ਫੰਡ ਦਿੰਦੇ ਹਨ।

ਮੁੱਖ ਪਰੋ੍ਜੈਕਟਾਂ ਵਿੱਚ ਸਾਊਥਈਸਟ ਫਾਲਸ ਕਰ੍ੀਕ ਅਤੇ ਈਸਟ ਫਰੇ੍ਜ਼ਰਲੈਂਡਜ਼ ਵਿੱਚ ਨਵੇਂ ਪਾਰਕ, ਮਾਰਪੋਲ ਕਮਿਊਨਿਟੀ ਸੈਂਟਰ ਦਾ ਨਵੀਨੀਕਰਨ ਅਤੇ ਵਿਸਤਾਰ, ਅਤੇ ਗਰ੍ੈਨਵਿਲ ਅਤੇ ਕੈਮਬੀ ਬਿਰ੍ਜਾਂ ਲਈ ਅੱਪਗਰੇ੍ਡ ਸ਼ਾਮਲ ਹਨ।

ਕਾਉਂਸਿਲ ਨੇ 2024 ਲਈ $782 ਮਿਲੀਅਨ ਦੇ ਪੂੰਜੀ ਖਰਚੇ ਦੇ ਬਜਟ ਨੂੰ ਮਨਜ਼ੂਰੀ ਦਿੱਤੀ।

ਇੱਥੇ ਹੋਰ ਜਾਣੋ: **vancouver.ca/capital-projects**

## ਟੈਕਸਾਂ ਦਾ ਸਿਟੀ ਵਾਲਾ ਹਿੱਸਾ ਕਿਵੇਂ ਖਰਚਿਆ ਜਾਂਦਾ ਹੈ

ਸਿਟੀ ਆਫ਼ ਵੈਨਕੂਵਰ ਦੇ ਟੈਕਸਾਂ ਦਾ ਹਿੱਸਾ ਆਮ ਤੌਰ 'ਤੇ ਸਮੁੱਚੇ ਟੈਕਸ ਬਿੱਲ ਦੇ ਲਗਭਗ ਅੱਧੇ ਨੂੰ ਦਰਸਾਉਂਦਾ ਹੈ।ਇਹ ਜ਼ਰੂਰੀ ਸੇਵਾਵਾਂ ਦੇ ਨਾਲ-ਨਾਲ ਮਨੋਰੰਜਨ ਕੇਂਦਰਾਂ ਅਤੇ ਬੁਨਿਆਦੀ ਢਾਂਚੇ ਜਿਵੇਂ ਕਿ ਸੀਵਰ ਪਾਈਪਾਂ, ਸੜਕਾਂ ਅਤੇ ਪੁਲਾਂ ਵਰਗੀਆਂ ਸਹੂਲਤਾਂ ਲਈ ਫੰਡ ਦਿੰਦਾ ਹੈ। ਇਹ ਅਨੁਮਾਨ ਸਿਰਫ ਟੈਕਸਾਂ ਦਾ ਉਹ ਹਿੱਸਾ ਦਿਖਾਉਂਦੇ ਹਨ ਜੋ ਸਿਟੀ ਨਾਲ ਸੰਬੰਧਿਤ ਹਨ, ਜੋ ਤੁਹਾਨੂੰ ਆਪਣੀ 2024 ਪਰ੍ਾਪਰਟੀ ਟੈਕਸ ਸੂਚਨਾ ਦੀ "General Levy" (ਜਨਰਲ ਲੇਵੀ) ਲਾਈਨ 'ਤੇ ਮਿਲ ਸਕਦਾ ਹੈ।

| CITY SERVICES | ਲੇਵੀ ਦਾ ਪਰ੍ਤਿਸ਼ਤ | ਸਟਰ੍ਹੈਟਾ ਯੂਨਿਟ | ਸਿੰਗਲ-ਫੈਮਿਲੀ ਹੋਮ | ਕਾਰੋਬਾਰ |
|---|---|---|---|---|
| ਵੈਨਕੂਵਰ ਪੁਲਿਸ ਡਿਪਾਰਟਮੈਂਟ | 30% | $419 | $1,148 | $2,159 |
| ਪੂੰਜੀ ਨਿਵੇਸ਼, ਕਰਜ਼ਾ ਅਤੇ ਆਮ ਸਰਕਾਰ | 20% | $280 | $766 | $1,439 |
| ਵੈਨਕੂਵਰ ਫਾਇਰ ਰੈਸਕਿਉ ਸਰਵਿਸ | 13% | $182 | $498 | $935 |
| ਟੈਕਨਾਲੋਜੀ, ਸਹੂਲਤਾਂ, ਯੋਜਨਾਬੰਦੀ ਅਤੇ ਕਾਰਪੋਰੇਟ ਸੇਵਾਵਾਂ | 12% | $168 | $459 | $863 |
| ਇੰਜੀਨੀਅਰਿੰਗ (ਸੜਕਾਂ ਅਤੇ ਸੀਵਰ) | 9% | $126 | $344 | $648 |
| ਪਾਰਕ ਅਤੇ ਮਨੋਰੰਜਨ | 7% | $98 | $268 | $504 |
| ਕਲਾ, ਸੱਭਿਆਚਾਰ ਅਤੇ ਭਾਈਚਾਰਕ ਸੇਵਾਵਾਂ | 5% | $70 | $191 | $360 |
| ਵੈਨਕੂਵਰ ਪਬਲਿਕ ਲਾਇਬਰੇ੍ਰੀ | 4% | $56 | $153 | $288 |
| ਅਨੁਮਾਨਿਤ ਜਨਰਲ ਲੇਵੀ | 100% | $1,399 | $3,827 | $7,196 |

ਧਿਆਨ ਦਿਓ: ਸਿਟੀ ਦੀ ਜਨਰਲ ਲੇਵੀ ਤੋਂ ਵੱਖ, ਤੁਸੀਂ ਆਪਣੇ ਟੈਕਸ ਨੋਟਿਸ 'ਤੇ ਸੀਵਰ, ਪਾਣੀ ਅਤੇ ਠੋਸ ਰਹਿੰਦ-ਖੂਹੰਦ ਇਕੱਤਰੀਕਰਨ ਸਮੇਤ ਸੇਵਾਵਾਂ ਲਈ ਸੂਚੀਬੱਧ ਇੰਜੀਨੀਅਰਿੰਗ ਉਪਯੋਗਤਾ ਫ਼ੀਸਾਂ ਵੀ ਦੇਖ ਸਕਦੇ ਹੋ। ਨੋਟਿਸ ਵਿੱਚ ਹੋਰ ਟੈਕਸਿੰਗ ਅਥਾਰਟੀਆਂ ਦੁਆਰਾ ਲਗਾਏ ਜਾਂਦੇ ਟੈਕਸ ਵੀ ਸ਼ਾਮਲ ਹੋਣਗੇ।

ਮੀਡੀਅਨ ਰਿਹਾਇਸ਼ੀ ਸਟਰ੍ਹੈਟਾ ਯੂਨਿਟ ਦਾ ਮੁਲਾਂਕਣ $806,000 'ਤੇ ਕੀਤਾ ਗਿਆ ਹੈ
ਮੀਡੀਅਨ ਸਿੰਗਲ-ਫੈਮਿਲੀ ਹੋਮ ਦਾ ਮੁਲਾਂਕਣ $2,205,000 'ਤੇ ਕੀਤਾ ਗਿਆ ਹੈ
ਮੀਡੀਅਨ ਕਾਰੋਬਾਰੀ ਜਾਇਦਾਦ ਦਾ ਮੁਲਾਂਕਣ $1,232,000 'ਤੇ ਕੀਤਾ ਗਿਆ ਹੈ